BRAMPTON Flower City
brampton.ca

media release

28 ਨਵੰਬਰ, 2018

# ਕਈ ਬ੍ਰੈਂਪਟਨ ਵਾਸੀਆਂ ਨੂੰ ਬ੍ਰੈਂਪਟਨ ਦੇ ਪਹਿਲੇ ਸਾਲਾਨਾ ਐਕਸੈਸੀਬਿਲਿਟੀ ਅਵਾਰਡਸ ਵਿੱਚ ਸਨਮਾਨਤ ਕੀਤਾ ਗਿਆ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਦੇ ਇੱਕ ਸਪੋਰਟਸ ਕੋਚ, ਇੱਕ ਕੱਪਕੇਕ ਦੁਕਾਨ ਅਤੇ ਇੱਕ ਸਥਾਨਕ ਹਾਕੀ ਟੀਮ ਵਿੱਚ ਇੱਕ ਚੀਜ਼ ਸਮਾਨ ਹੈ: ਉਹਨਾਂ ਸਾਰਿਆਂ ਨੂੰ ਅਪਾਹਜ ਵਿਅਕਤੀਆਂ ਦਾ ਸਮਰਥਨ ਕਰਨ ਅਤੇ ਉਹਨਾਂ ਨੂੰ ਯੋਗ ਬਣਾਉਣ ਵਿੱਚ ਖਾਸ ਉਪਲਬਧੀਆਂ ਲਈ, ਸਿਟੀ ਆਫ ਬ੍ਰੈਂਪਟਨ (City of Brampton) ਦੇ ਪਹਿਲੇ ਸਾਲਾਨਾ ਐਕਸੈਸੀਬਿਲਿਟੀ ਅਵਾਰਡਸ (Accessibility Awards) ਵਿੱਚ ਸਨਮਾਨਤ ਕੀਤਾ ਗਿਆ। ਕੱਲ੍ਹ ਸਿਟੀ ਹਾਲ (City Hall) ਵਿੱਚ ਹੋਏ ਰਿਸੈਪਸ਼ਨ ਵਿੱਚ, ਜੈਨੀਫਰ ਐਂਡਰਾਡੇ (Jennifer Andrade), ਕ੍ਰਿਸਟੀਨਜ ਟੋਰਟਿਨਾ ਸ਼ੌਪ ਇੰਕ. (Cristina's Tortina Shop Inc.) ਅਤੇ ਬ੍ਰੈਂਪਟਨ ਹਾਕੀ ਮਿਜੇਟ ਐਮ.ਡੀ. ਗੋਲਡ ਟੀਮ (Brampton Hockey Midget MD Gold Team) ਨੂੰ ਉਹਨਾਂ ਦੇ ਅਵਾਰਡ ਪੇਸ਼ ਕੀਤੇ ਗਏ।

ਅਵਾਰਡ ਲੈਣ ਵਾਲਿਆਂ ਦਾ ਮੁਲਾਂਕਣ ਬ੍ਰੈਂਪਟਨ ਦੇ ਭਾਈਚਾਰੇ ਵਿੱਚ ਉਹਨਾਂ ਦੇ ਯੋਗਦਾਨ ਦੇ ਆਧਾਰ ਤੇ ਕੀਤਾ ਗਿਆ, ਜਿਵੇਂ ਐਕਸੈਸੀਬਿਲਿਟੀ ਸਬੰਧੀ ਪਹਿਲਕਦਮੀਆਂ ਦਾ ਸਮਰਥਨ ਕਰਨਾ, ਐਕਸੈਸੀਬਿਲਿਟੀ ਸਬੰਧੀ ਸੁਚੇਤਤਾ ਨੂੰ ਵਧਾਉਣਾ, ਐਕਸੈਸੀਬਲ ਗਾਹਕ ਸੇਵਾ ਮੁਹੱਈਆ ਕਰਨਾ, ਅਪਾਹਜ ਵਿਅਕਤੀਆਂ ਨੂੰ ਭਾਈਚਾਰੇ ਨਾਲ ਘੁਲਣ-ਮਿਲਣ ਵਿੱਚ ਸਮਰੱਥ ਬਣਾਉਣਾ ਅਤੇ ਸਮਾਨ ਰੋਜ਼ਗਾਰ ਮੌਕੇ ਮੁਹੱਈਆ ਕਰਨਾ।

ਕਮਿਉਨਿਟੀ ਮੈਂਬਰ ਅਵਾਰਡ (Community Member Award) ਜੈਨੀਫਰ ਐਂਡਰਾਡੇ ਨੂੰ ਦਿੱਤਾ ਗਿਆ, ਜੋ ਸਪੈਸ਼ਲ ਓਲੰਪਿਕਸ ਬ੍ਰੈਂਪਟਨ ਚੈਪਟਰ (Special Olympics Brampton Chapter) ਵਿੱਚ ਸਰਗਰਮੀ ਨਾਲ ਸ਼ਾਮਲ ਹਨ। ਉਹਨਾਂ ਨੇ ਐਥਲੀਟਾਂ ਨੂੰ ਖੇਡਾਂ ਵਿੱਚ ਕੋਚਿੰਗ ਦੇਣ ਅਤੇ ਉਹਨਾਂ ਦਾ ਸਮਰਥਨ ਕਰਨ, ਉਹਨਾਂ ਦੇ ਆਤਮਵਿਸ਼ਵਾਸ਼ ਨੂੰ ਵਧਾਉਣ ਅਤੇ ਭਾਈਚਾਰੇ ਵਿੱਚ ਉਹਨਾਂ ਦੀ ਸ਼ਮੂਲੀਅਤ ਦਾ ਸਮਰਥਨ ਕਰਨ ਵਿੱਚ ਮਦਦ ਕੀਤੀ ਹੈ।

ਬਿਜਨਸ ਅਵਾਰਡ (Business Award) ਕ੍ਰਿਸਟੀਨਜ ਟੋਰਟਿਨਾ ਸ਼ੌਪ ਇੰਕ. ਨੂੰ ਦਿੱਤਾ ਗਿਆ, ਜੋ ਅਪਾਹਜ ਵਿਅਕਤੀਆਂ ਨੂੰ ਰੋਜ਼ਗਾਰ ਦੇ ਮੌਕੇ ਪੇਸ਼ ਕਰਨ ਵਾਲੀ ਇੱਕ ਖਾਸ ਕੱਪਕੇਕ ਦੀ ਦੁਕਾਨ ਹੈ। ਇਸਨੂੰ ਮੈਰੀ ਲੁਸੋ (Mary Iusso) ਨੇ ਆਪਣੀ ਛੋਟੀ ਬੇਟੀ ਕ੍ਰਿਸਟੀਨਾ (Cristina) ਅਤੇ ਡਾਊਨ (Down) ਸਿੰਡਰੋਮ ਤੋਂ ਪੀੜਿਤ ਹੋਰਾਂ ਵਿਅਕਤੀਆਂ ਲਈ ਬਣਾਇਆ ਸੀ, ਇਹ ਦੁਕਾਨ ਕਿਸੇ ਵੀ ਤਰ੍ਹਾਂ ਦੀਆਂ ਯੋਗਤਾਵਾਂ ਰੱਖਣ ਵਾਲੇ ਵਿਅਕਤੀਆਂ ਨੂੰ ਪਛਾਣ ਦੇਣ ਅਤੇ ਉਹਨਾਂ ਦਾ ਸਮਰਥਨ ਕਰਨ ਦੇ ਟੀਚੇ ਨਾਲ ਬੇਕ ਕਰਦੇ ਹੋਏ, ਆਪਣੇ "ਅਸੀਂ ਹਿਮਾਇਤ ਕਰਨ ਲਈ ਬੇਕ ਕਰਦੇ ਹਾਂ" ਉਦੇਸ਼ ਨਾਲ ਕੰਮ ਕਰਦੀ ਹੈ।

ਬ੍ਰੈਂਪਟਨ ਹਾਕੀ ਮਿਜੇਟ ਐਮ.ਡੀ. ਗੋਲਡ ਟੀਮ ਨੇ ਕਮਿਉਨਿਟੀ ਮੈਂਬਰ ਅਵਾਰਡ ਜਿੱਤਿਆ। ਟੀਮ ਦੇ ਮੈਂਬਰ ਸਰਗਰਮੀ ਨਾਲ ਅਪਾਹਜ ਵਿਅਕਤੀਆਂ ਦੀਆਂ ਯੋਗਤਾਵਾਂ ਦੇ ਪ੍ਰਤੀ ਸੁਚੇਤਤਾ ਨੂੰ ਵਧਾਉਂਦੇ ਹਨ ਅਤੇ ਉਹਨਾਂ ਦਾ ਸਮਰਥਨ ਕਰਦੇ ਹਨ। ਉਹ ਇਸ ਧਾਰਨਾ ਤੇ ਚੱਲਦੇ ਹਨ ਕਿ ਉਹਨਾਂ ਦੀ ਟੀਮ ਦਾ ਮੈਂਬਰ ਬਣਨ ਲਈ ਤੁਹਾਡਾ ਆਈਸ ਤੇ ਖੇਡਣਾ ਜ਼ਰੂਰੀ ਨਹੀਂ ਹੈ।

2019 ਦੇ ਐਕਸੈਸੀਬਿਲਿਟੀ ਅਵਾਰਡਸ ਲਈ ਔਨਲਾਈਨ (Online) ਨਾਮਾਂਕਨ ਅਗਸਤ 2019 ਤੱਕ ਖੁੱਲ੍ਹੇ ਰਹਿਣਗੇ ਅਤੇ ਸਤੰਬਰ ਦੇ ਮੱਧ ਵਿੱਚ ਬੰਦ ਹੋ ਜਾਣਗੇ। ਨਾਮਾਂਕਨ ਫਾਰਮ ਸਿਟੀ ਦੀ ਵੈਬਸਾਈਟ ਤੇ ਪੋਸਟ ਕੀਤੇ ਜਾਣਗੇ ਅਤੇ ਗਰਮੀ 2019 ਵਿੱਚ ਸਿਟੀ ਹਾਲ ਵਿਖੇ ਉਹਨਾਂ ਦੀਆਂ ਪ੍ਰਿੰਟਿਡ ਕਾਪੀਆਂ ਵੀ ਉਪਲਬਧ ਹੋਣਗੀਆਂ।

**ਹਵਾਲੇ**

"ਅਸੀਂ ਆਪਣੇ ਸਭ ਤੋਂ ਪਹਿਲੇ ਐਕਸੈਸੀਬਿਲਿਟੀ ਅਵਾਰਡਸ ਦੇ ਜੇਤੂਆਂ ਨੂੰ ਸਨਮਾਨਤ ਕਰਨ ਲਈ ਉਤਸ਼ਾਹਿਤ ਹਾਂ। ਉਹਨਾਂ ਸਾਰਿਆਂ ਨੇ, ਅਪਾਹਜ ਵਿਅਕਤੀਆਂ ਦੀਆਂ ਜ਼ਿੰਦਗੀਆਂ ਦੀ ਕੁਆਲਿਟੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੇ ਹੋਏ, ਉਹਨਾਂ ਨੂੰ ਸਮਰੱਥ ਬਣਾਉਣ ਵਿੱਚ ਸ਼ਾਨਦਾਰ ਵਚਨਬੱਧਤਾ ਦਰਸਾਈ ਹੈ। ਉਹਨਾਂ ਦੇ ਲਗਾਤਾਰ ਯਤਨ ਸਾਨੂੰ ਸਾਰਿਆਂ ਨੂੰ ਪ੍ਰੇਰਿਤ ਕਰਦੇ ਹੋਏ, ਹਰੇਕ ਲਈ ਸਮਾਨ ਮੌਕੇ ਮੁਹੱਈਆ ਕਰਨ ਵਿੱਚ ਮਦਦ ਕਰਦੇ ਹਨ।"

- *ਮੇਅਰ ਲਿੰਡਾ ਜੈਫਰੀ (Linda Jeffrey)*

"ਆਤਮਵਿਸ਼ਵਾਸ਼ ਨਾਲ ਅਤੇ ਸੁਤੰਤਰ ਜੀਵਨ ਜਿਉਣਾ ਅਪਾਹਜ ਵਿਅਕਤੀਆਂ ਲਈ ਮਹੱਤਵਪੂਰਨ ਹੈ। ਇੱਕ ਭਾਈਚਾਰੇ ਦੇ ਤੌਰ ਤੇ, ਰੁਕਾਵਟਾਂ ਨੂੰ ਦੂਰ ਕਰਨ ਵਿੱਚ ਅਸੀਂ ਜਿੰਨਾ ਵੱਧ ਤੋਂ ਵੱਧ ਕੰਮ ਕਰ ਸਕਦੇ ਹਾਂ, ਉਹਨਾਂ ਹੀ ਵੱਧ ਉਹ ਸਾਡੀ ਸਿਟੀ ਵਿੱਚ ਸਕਿਰਿਆ ਹੋ ਸਕਦੇ ਹਨ ਅਤੇ ਜੁੜ ਸਕਦੇ ਹਨ। ਸਾਡੇ ਐਕਸੈਸੀਬਿਲਿਟੀ ਅਵਾਰਡਸ ਦੇ ਜੇਤੂਆਂ ਨੇ, ਅਪਾਹਜਤਾਵਾਂ ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, ਉਹਨਾਂ ਲਈ ਸਹੀ ਮੌਕੇ ਉਤਪੰਨ ਕਰਕੇ ਅਤੇ ਉਹਨਾਂ ਦੀਆਂ ਸਮਰਥਤਾਵਾਂ ਨੂੰ ਪਛਾਣ ਕੇ ਦਰਸਾਇਆ ਹੈ ਕਿ ਹਰੇਕ ਦਾ ਭਵਿੱਖ ਸੁਨਹਿਰਾ ਹੈ।"

- *ਪੈਟ ਫੋਰਟਿਨੀ (Pat Fortini), ਸਿਟੀ ਕਾਉਂਸਲਰ ਐਂਡ ਐਕਸੈਸੀਬਿਲਿਟੀ ਐਡਵਾਈਜਰੀ ਕਮੇਟੀ ਕਾਉਂਸਿਲ ਮੈਂਬਰ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਕ੍ਰਿਸਟੀਨ ਸ਼ਰਮਾ (Christine Sharma)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.2880 | christine.sharma@brampton.ca